بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨੇ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵਡਿਆਈ ਦਾ ਬਿਆਨ, ਸੰਸਾਰ ਦੇ ਆਮ ਹਾਲਾਤ ਲਈ ਅਤੇ ਫ਼ਲਸਤੀਨ ਦੇ ਅਹਮਦੀਆਂ ਲਈ ਰਮਜ਼ਾਨ ਵਿਚੱ ਖ਼ਾਸ ਦੁਆ ਕਰਨ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 07 ਅਪ੍ਰੈਲ 2023 ਮਸਜਿਦ ਬੈਅਤੁਲ ਫ਼ੁਤੂਹ, ਲੰਦਨ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਉਜ਼, ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਰਬੱ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉੱਤੇ ਸ਼ਰੀਅਤ ਅਤੇ ਦੀਨ ਨੂੰ ਸੰਪੂਰਨ ਅਤੇ ਮੁਕਮੰਲ ਕੀਤਾ ਤਾਂ ਕੁਰਆਨੇ ਸ਼ਰੀਫ਼ ਵਿਚੱ ਇਹ ਐਲਾਨ ਫ਼ਰਮਾਇਆ ਕਿ ਅਜੱ ਮੈਂ ਤੁਹਾਡੇ ਲਈ ਤੁਹਾਡਾ ਦੀਨ ਕਾਮਲ ਕਰ ਦਿੱਤਾ ਹੈ ਅਤੇ ਤੁਹਾਡੇ ਉੱਤੇ ਆਪਣੀ ਕਿਰਪਾ ਸੰਪੂਰਨ ਕਰ ਦਿੱਤੀ ਹੈ ਅਤੇ ਮੈਂ ਇਸਲਾਮ ਨੂੰ ਤੁਹਾਡੇ ਲਈ ਦੀਨ ਵੱਜੋਂ ਪਸੰਦ ਕੀਤਾ ਹੈ । ਸੋ, ਇਹ ਰਬੱ ਦੀ ਮੁਸਲਮਾਨਾਂ ਉੱਤੇ ਬਹੁਤ ਵੱਡੀ ਮਿਹਰ ਹੈ ਕਿ ਉਨ੍ਹਾਂ ਨੂੰ ਇਕੱ ਸੰਪੂਰਨ ਅਤੇ ਮੁਕਮੰਲ ਸ਼ਰੀਅਤ ਦਿੱਤੀ । ਇਹ ਦਾਅਵਾ ਇਸਲਾਮ ਦਾ ਹੈ । ਕਿਸੇ ਦੂਜੇ ਧਰਮ ਦਾ ਨਹੀਂ ਕਿ ਹੁਣ ਅੰਤਿਮ ਦੀਨ ਇਸਲਾਮ ਹੀ ਹੈ । ਜੋ ਰਬੱ ਦਾ ਪਿਆਰਾ ਦੀਨ ਹੈ ਅਤੇ ਜੇਕਰ ਰਬੱ ਦੀ ਮਰਜ਼ੀ ਚਾਹੀਦੀ ਹੈ । ਤਾਂ ਇਸਲਾਮ ਨੂੰ ਮੰਨ ਲੈਣ । ਉਸ ਦੀ ਸਿਖਿੱਆਵਾਂ ਉੱਤੇ ਅਮਲ ਕਰਨ ਤੋਂ ਬਿਨਾ ਕੋਈ ਰਾਹ ਨਹੀਂ ਹੈ । ਰਬੱ ਇਹ ਐਲਾਨ ਫ਼ਰਮਾ ਰਿਹਾ ਹੈ ਕਿ ਕੁਰਆਨੀ ਸਿਖਿੱਆਵਾਂ ਹੀ ਹਨ । ਜੋ ਹੁਣ ਮਨੁਖੱ ਦੀ ਆਚਰਨਿਕ ਅਤੇ ਰੂਹਾਨੀ ਤਰੱਕੀ ਦਾ ਇੱਕੋ ਇਕੱ ਸਾਧਨ ਹੈ । ਸਗੋਂ ਇਹ ਸਿਖਿੱਆ ਇਨ੍ਹੀ ਸੰਪੂਰਨ ਹੈ ਕਿ ਸੰਸਾਰਿਕ ਤਰੱਕੀ ਦੀ ਰਾਹਾਂ ਲਈ ਵੀ ਇਹੀ ਸਿਖਿੱਆ ਹੈ ।

ਜਦੋਂ ਰਬੱ ਇਸ ਸਿਖਿੱਆ ਦੇ ਅਨੁਸਾਰ اَكْمَلْتُ ਦਾ ਐਲਾਨ ਫ਼ਰਮਾਉਂਦਾ ਹੈ । ਤਾਂ ਉਸ ਦਾ ਅਰਥ ਹੈ ਕਿ ਮਨੁਖੱ ਦੀ ਸਾਰੀ ਸ਼ਕਤੀਆਂ ਭਾਵੇ ਆਚਰਨਿਕ, ਰੂਹਾਨੀ ਜਾਂ ਸਰੀਰਿਕ ਹੋਣ ਉਨਾਂ ਦੀ ਪ੍ਰਾਪਤੀ ਕੁਰਆਨੇ ਸ਼ਰੀਫ਼ ਉੱਤੇ ਅਮਲ ਕਰਨ ਨਾਲ ਹੀ ਹੋ ਸਕਦੀ ਹੈ ਅਤੇ اَتْمَمْتُ ਕਹਿ ਕੇ ਇਹ ਐਲਾਨ ਪੂਰੀ ਤਾਕਤ ਨਾਲ ਫ਼ਰਮਾਇਆ ਕਿ ਜੋ ਕੁਝੱ ਵੀ ਮਨੁਖੱ ਦੀ ਲੋੜਾਂ ਸਨ । ਉਨਾਂ ਨੂੰ ਹਰ ਪ੍ਰਕਾਰ ਨਾਲ ਪੂਰਾ ਕਰਨ ਵਾਲਾ ਕੁਰਆਨੇ

ਕਰੀਮ ਹੈ। ਕੋਈ ਅਜਿਹੀ ਲੋੜ੍ਹ ਨਹੀਂ ਜਿਸ ਦਾ ਕੁਰਆਨ ਸ਼ਰੀਫ਼ ਵਿਚੱ ਜ਼ਿਕਰ ਨ ਹੋਵੇ। ਉਹ ਮਨੁਖੱ ਦੀ ਸੰਸਾਰਿਕ ਲੋੜਾਂ ਹਨ ਜਾਂ ਰੂਹਾਨੀ ਅਤੇ ਆਚਰਨਿਕ ਮਿਆਰਾਂ ਨੂੰ ਪ੍ਰਾਪਤ ਕਰਨ ਦਾ ਸਾਧਨ ਅਤੇ ਤਰੀਕੇ ਹਨ।

ਇਸ ਆਇਤ ਨਾਲ ਕੁਰਆਨੇ ਸ਼ਰੀਫ਼ ਨੇ ਇਹ ਐਲਾਨ ਫ਼ਰਮਾਇਆ ਕਿ ਹੁਣ ਮਨੁਖੱ ਦਾ ਜੀਵਨ ਇਸ ਸਿਖਿੱਆ ਨਾਲ ਹੀ ਹੈ ਅਤੇ ਇਹ ਸਿਖਿੱਆ ਸਾਰੇ ਸਮੀਆਂ ਅਤੇ ਸਾਰੇ ਸੰਸਾਰ ਦੇ ਮਨੁੱਖਾਂ ਲਈ ਹੈ ਅਤੇ ਕੁਰਆਨੇ ਕਰੀਮ ਤੋਂ ਪਹਿਲਾਂ ਨਾਜ਼ਲ ਹੋਣ ਵਾਲੀ ਸਾਰੀ ਸਿਖਿੱਆਵਾਂ ਜੋ ਵੱਖੋਂ ਵਖੱ ਨਬੀਆਂ ਉੱਤੇ ਉਤਰੀਆਂ ਉਹ ਉਸ ਸਮੇਂ ਅਤੇ ਜ਼ਮਾਨੇ ਅਨੁਸਾਰ ਸਨ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਦੀ ਸਪਸ਼ਟਤਾ ਲਈ ਇਹ ਵੀ ਐਲਾਮ ਫ਼ਰਮਾਇਆ ਕਿ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਉਣ ਦਾ ਉਦੇਸ਼ ਵੀ ਪੂਰਾ ਹੋ ਗਿਆ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਹੀ ਉਹ ਕਾਮਲ ਅਤੇ ਅੰਤਿਮ ਨਬੀ ਹਨ। ਜਿਨ੍ਹਾਂ ਉੱਤੇ ਇਸ ਕਮਾਲ ਦਰਜੇ ਦੀ ਸ਼ਰੀਅਤ ਉਤਰੀ। ਆਰੋਪ ਲਾਉਣ ਵਾਲੇ ਆਰੋਪ ਲਾਉਂਦੇ ਹਨ ਕਿ ਜਦੱ ਇਹ ਅਕੀਦਾ ਹੈ ਅਤੇ ਕੁਰਆਨੇ ਸ਼ਰੀਫ਼ ਨੂੰ ਅੰਤਿਮ ਸ਼ਰੀਅਤ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਅੰਤਿਮ ਨਬੀ ਮੰਨ ਲਿਆ। ਤਾਂ ਫ਼ਿਰ ਆਪ ਅਲੈਹਿ ਸਲਾਮ ਦੇ ਦਾਅਵੇ ਦੀ ਕੀ ਹਕੀਕਤ ਹੈ ਅਤੇ ਆਪ ਅਲੈਹਿ ਸਲਾਮ ਦੇ ਇਸ ਜ਼ਮਾਨੇ ਵਿਚੱ ਆਉਣ ਦੀ ਲੋੜ ਹੀ ਕੀ ਸੀ ? ਤਾਂ ਇਸ ਦਾ ਜਵਾਬ ਆਪ ਅਲੈਹਿ ਸਲਾਮ ਨੇ ਇਕੱ ਥਾਂ ਇੰਝ ਵੀ ਬਿਆਨ ਕੀਤਾ ਹੈ ਕਿ ਜੇਕਰ ਤੁਸੀਂ ਇਸਲਾਮੀ ਸਿਖਿੱਆ ਉੱਤੇ ਅਮਲ ਕਰ ਰਹੇ ਹੁੰਦੇ ਤਾਂ ਫ਼ਿਰ ਠੀਕ ਹੈ। ਮੇਰੇ ਆਉਣ ਦੀ ਕੋਈ ਲੋੜ੍ਹ ਨਹੀਂ ਸੀ। ਪਰ ਜ਼ਮਾਨੇ ਦੀ ਆਮ ਅਤੇ ਖ਼ਾਸ ਤੌਰ'ਤੇ ਮੁਸਲਮਾਨਾਂ ਦੀ ਆਪਣੀ ਹਾਲਤ ਇਸ ਗਲੱੁ ਦਾ ਐਲਾਨ ਕਰ ਰਹੀ ਹੈ ਕਿ ਕਿਸੇ ਸੁਧਾਰਕ ਦੀ ਲੋੜ ਹੈ।

ਆਪ ਅਲੈਹਿ ਸਲਾਮ ਨੇ ਆਪਣੇ ਲਿਟਰੈਚਰ, ਲਿਖੱਤੀਆਂ ਅਤੇ ਕਿਤਾਬਾਂ ਵਿਚੱ ਹਰ ਥਾਂ ਇਹ ਫ਼ਰਮਾਇਆ ਹੈ ਕਿ ਮੈਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਗ਼ੁਲਾਮੀ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਸ਼ਰੀਅਤ ਅਤੇ ਦੀਨ ਅਤੇ ਕੁਰਆਨੇ ਸ਼ਰੀਫ਼ ਦੀ ਸਿਖਿੱਆਵਾਂ ਨੂੰ ਸੰਸਾਰ ਵਿਚੱ ਫ਼ੈਲਾਉਣ ਆਇਆ ਹਾਂ। ਇਹੀ ਕੰਮ ਹੈ ਜਿਸ ਨੂੰ ਆਪ ਅਲੈਹਿ ਸਲਾਮ ਨੇ ਪੂਰਨ ਕੀਤਾ ਅਤੇ ਇਸੇ ਦੇ ਜਾਰੀ ਰਖੱਣ ਲਈ ਜਮਾਅਤੇ ਅਹਮਦੀਆ ਦੀ ਸਥਾਪਨਾ ਹੋਈ ਅਤੇ ਇਹੀ ਕੰਮ ਹੈ ਜੋ ਜਮਾਅਤੇ ਅਹਮਦੀਆ ਆਪ ਅਲੈਹਿ ਸਲਾਮ ਦੇ ਦਿੱਤੇ ਹੋਏ ਲਿਟਰੈਚਰ ਅਤੇ ਆਪ ਅਲੈਹਿ ਦੀ ਬਿਆਨ ਕੀਤੀ ਕੁਰਆਨੀ ਵਿਆਖਿਆ ਦੇ ਅਨੁਸਾਰ ਕਰ ਰਹੀ ਹੈ ਅਤੇ ਇਸ ਗਲੱੁ ਉੱਤੇ ਹਰ ਅਹਮਦੀ ਨੂੰ ਧਿਆਨ ਦੇਣਾ ਚੀਦਾ ਹੈ ਕਿ ਇਸ ਉਦੇਸ਼ ਨੂੰ ਅਸੀਂ ਕਿੱਥੋਂ ਤਕੱ ਪੂਰਾ ਕਰ ਰਹੇ ਹਨ। ਜਮਾਅਤੀ ਤੌਰ'ਤੇ ਤਾਂ ਪ੍ਰੋਗਰਾਮ ਹਨ ਅਤੇ ਹੋ ਰਹੇ ਹਨ। ਪਰ ਆਪਣੇ ਤੌਰ'ਤੇ ਵੀ ਹੋਣੇ ਚਾਹੀਦੇ ਹਨ। ਸੋ ਸਾਡੀ ਬੈਅਤ ਦਾ ਉਦੇਸ਼ ਤਦੱ ਹੀ ਪੂਰਾ ਹੋਵੇਗਾ। ਜਦੱ ਅਸੀਂ ਇਸ ਉਦੇਸ਼ ਨੂੰ ਆਪਣੇ ਸਾਮ੍ਹਣੇ ਰੱਖਾਂਗੇ। ਇਸ ਲਈ ਸਾਨੂੰ ਕੁਰਆਨੇ ਸ਼ਰੀਫ਼ ਨੂੰ ਪੜਣ ਅਤੇ ਸਮਝਣ ਵਲੱੁ ਧਿਆਨ ਰਖੱਣਾ ਚਾਹੀਦਾ ਹੈ। ਇਸ ਲਈ ਚੰਗਾ ਢੰਗ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਿਤਾਬਾਂ ਅਤੇ ਆਦੇਸ਼ ਹਨ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਕੁਰਆਨੇ ਸ਼ਰੀਫ਼ ਦੇ ਗੁਣਾਂ ਅਤੇ ਖ਼ੂਬੀਆਂ ਬਾਰੇ ਕੁਝੱ ਸਮੇਂ ਤੋਂ ਹਜ਼ਰਤ ਮਸੀਹ ਮੌਊਦ ਅਲੇਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿਚੱ ਬਿਆਨ ਕਰ ਰਿਹਾ ਹਾਂ। ਅਜੱ ਵੀ ਕੁਰਆਨੇ ਸ਼ਰੀਫ਼ ਬਾਰੇ ਆਪ ਅਲੈਹਿ ਸਲਾਮ ਦੇ ਆਦੇਸ਼ ਸਿਖਿੱਆ ਦੀ ਸੰਪੂਰਨਤਾ ਉੱਤੇ ਪੈਸ਼ ਕਰਾਂਗਾ।

ਹਜ਼ੂਰੇ ਅਨਵਰ ਨੇ ਫ਼ਰਮਾਇਆ ; ਬੈਅਤ ਦੀਆਂ ਦਸੱ ਸ਼ਰਤਾਂ ਵਿਚੱ ਵੀ ਇਹ ਗਲੱ ਸ਼ਾਮਿਲ ਹੈ ਕਿ ਕੁਰਆਨੇ ਸ਼ਰੀਫ਼ ਦੀ ਹਕੂਮਤ ਨੂੰ ਸੰਪੂਰਨ ਤੌਰ'ਤੇ ਆਪਣੇ ਸਿਰ ਉੱਤੇ ਕਬੂਲ ਕਰਾਂਗਾ। ਸੋ ਜੇਕਰ ਸਾਡੇ ਵਿੱਚੋਂ ਹਰ ਇਕੱ ਇਸ ਰਮਜ਼ਾਨ ਵਿਚੱ ਇਸ ਹਦਾਯਤ ਉੱਤੇ ਅਮਲ ਕਰਨ ਦਾ ਫ਼ੈਸਲਾ ਕਰ ਲਏ। ਤਾਂ ਨ ਕੇਵਲ ਅਸੀਂ ਆਪਣੀ ਰੂਹਾਨੀਅਤ ਵਿਚੱ ਤਰੱਕੀ ਕਰਨ ਵਾਲੇ ਹੋਣਗੇ। ਸਗੋਂ ਸਾਡਾ ਸਮਾਜ ਵੀ ਸਵਰਗ ਵਰਗਾ ਸਮਾਜ ਬਣ ਜਾਵੇਗਾ।

ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਫ਼ਰਮਾਇਆ ਕਿ ਜੋ ਕੁਝੱ ਮਨੁੱਖੀ ਸਰਿਸ਼ਤ ਵਿਚੱ ਹੱਦੋਂ ਵਧੱ ਵਿਗਾੜ੍ਹ ਹੋ ਸਕਦਾ ਹੈ ਅਤੇ ਜਿਨ੍ਹੀ ਗੁਮਰਾਹੀ ਅਤੇ ਕੁਕਰਮ ਵਿਚੱ ਉਹ ਅੱਗੇ ਤੋਂ ਅੱਗੇ ਵਧੱ ਸਕਦੇ ਹਨ। ਉਨ੍ਹਾਂ ਸਾਰੀਆਂ ਖ਼ਰਾਬੀਆਂ ਦੀ ਕੁਰਆਨੇ ਸ਼ਰੀਫ਼ ਰਾਹੀਂ ਦਰੁਸਤੀ ਕੀਤੀ ਗਈ ਹੈ। ਇਸ ਲਈ ਅਜਿਹੇ ਸਮੇਂ ਵਿਚੱ ਉਸ ਨੇ ਕੁਰਆਨੇ ਸ਼ਰੀਫ਼ ਨੂੰ ਨਾਜ਼ਲ ਕੀਤਾ। ਜਦੱ ਮਨੁੱਖਾਂ ਵਿਚੱ ਇਹ ਸਭ ਖ਼ਰਾਬੀਆਂ ਪੈਦਾ ਹੋ ਗਈਆਂ ਸਨ ਅਤੇ ਹਲਕੇ ਹਲਕੇ ਮਨੁੱਖੀ ਹਾਲਤ ਨੇ ਹਰ ਅਕੀਦੇ ਅਤੇ ਕੁਕਰਮ ਤੋਂ ਗ੍ਰਸਤ ਹੋ ਗਏ ਸਨ ਅਤੇ ਇਹ ਹੀ ਰੱਬੀ ਹਿਕਮਤ ਦੀ ਮੰਗ ਸੀ ਕਿ ਅਜਿਹੇ ਸਮੇਂ ਵਿਚੱ ਉਸ ਦਾ ਕਾਮਲ ਕਲਾਮ ਨਾਜ਼ਲ ਹੋਇਆ। ਕਿਉਂਕਿ ਖ਼ਰਾਬੀਆਂ ਦੇ ਪੈਦਾ ਹੋਣ ਤੋਂ ਪਹਿਲਾਂ ਅਜਿਹੇ ਲੋਕਾਂ ਨੂੰ ਇਨ੍ਹਾਂ ਜੁਰਮਾਂ ਅਤੇ ਬਦ ਅਕੀਦੀਆਂ ਦੀ ਦਰੁਸਤੀ ਦੀ ਖ਼ਬਰ ਦੇਣਾ ਕਿ ਉਹ ਇਨ੍ਹਾਂ ਤੋਂ ਬਿਲਕੁਲੱ ਬੇਖ਼ਬਰ ਹਨ। ਉਨਾਂ ਦੇ ਪਾਪਾਂ ਵਲੱ ਆਪ ਝੁਕੱਣ ਦਾ ਕੰਮ ਦਿੰਦਾ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਲਮ ਅਤੇ ਇਰਫ਼ਾਨ ਵਾਲੇ, ਇਕੱ ਆਮ ਆਦਮੀ ਦੇ ਕਦੇ ਵੀ ਬਰਾਬਰ ਨਹੀਂ ਹੋ ਸਕਦੇ। ਜੋ ਕਲਾਮ ਰਬੱ ਦਾ ਕਲਾਮ ਹੋਵੇ ਉਸ ਦਾ ਮਨੁੱਖੀ ਕਲਾਮ ਤੋਂ ਉਚੱਤਮ ਹੋਣਾ ਜ਼ਰੂਰੀ ਹੈ। ਰੱਬੀ ਇਲਮ ਕਦੇ ਵੀ ਮਨੁੱਖੀ ਕਲਾਮ ਵਰਗਾ ਨਹੀਂ ਹੋ ਸਕਦਾ। ਸੋ ਕੁਰਆਨੇ ਸ਼ਰੀਫ਼ ਦਾ ਹਰ ਪ੍ਰਕਾਰ ਨਾਲ ਸੰਪੂਰਨ ਹੋਣ ਦਾ ਦਾਅਵਾ ਹੈ ਅਤੇ ਨ ਕੋਈ ਉਸ ਵਰਗਾ ਹੋਇਆ ਹੈ ਅਤੇ ਨ ਕਦੇ ਹੋ ਸਕਦਾ ਹੈ। ਜਿਨ੍ਹਾਂ ਨੇ ਇਸ ਪਾਕ ਕਲਾਮ ਨੂੰ ਚੁਣਿਆ ਉਨਾਂ ਵਿਚੱ ਹੀ ਇਸ ਦੇ ਪ੍ਰਭਾਵ ਨਜ਼ਰ ਆ ਸਕਦੇ ਹਨ॥ ਸੋ, ਇਹ ਵੀ ਕੁਰਆਨੀ ਸਿਖਿੱਆ ਦਾ ਸੰਖੇਪ ਵਿਵਰਨ ਹੈ ਕਿ ਉਸ ਉੱਤੇ ਅਮਲ ਕਰਨ ਵਾਲੇ ਹੀ ਗ਼ੈਰ ਮਾਮੂਲੀ ਬਰਕਾਤ ਪ੍ਰਾਪਤ ਕਰਨ ਵਾਲੇ ਹਨ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਕੁਰਆਨੇ ਮਜੀਦ ਨੇ ਆਪਣੇ ਗੁਣਾਂ ਨੂੰ ਸੱਚਾਈ ਅਤੇ ਸੱਚੀ ਲੋੜ੍ਹ ਰਾਹੀਂ ਸੁਚਿੱਤ ਕੀਤਾ ਹੈ। ਸਾਰੀ ਦੀਨੀ ਸੱਚਾਈਆਂ ਨੂੰ ਸ਼ਾਮਿਲ ਕਰਕੇ ਵਿਖਾਇਆ ਹੈ। ਇਸ ਵਿਚੱ ਹਰ ਵਿਰੋਧੀ ਲਈ ਸੱਚੇ ਨਿਸ਼ਾਨ ਭਰੇ ਪਏ ਹਨ। ਜਿਨ੍ਹਾਂ ਗੱਲ੍ਹਾਂ ਵਿਚੱ ਖ਼ਰਾਬੀ ਵੇਖੀ। ਉਨ੍ਹਾਂ ਨੂੰ ਠੀਕ ਕਰਨ ਵਲੱ ਧਿਆਨ ਦਿੱਤਾ ਹੈ। ਕਿਸਮ ਕਿਸਮ ਦੀ ਬਿਮਾਰੀਆਂ ਦਾ ਇਲਾਜ ਲਿਖਿੱਆ ਹੈ। ਝੁੱਠੇ

ਧਰਮਾਂ ਦੇ ਹਰ ਵਹਿਮ ਭਰਮ ਨੂੰ ਦੂਰ ਕੀਤਾ ਹੈ। ਹਰ ਇਕੱ ਆਰੋਪ ਦਾ ਜਵਾਬ ਦਿੱਤਾ ਹੈ। ਕੋਈ ਸੱਚਾਈ ਅਜਿਹੀ ਨਹੀਂ ਜਿਸ ਨੂੰ ਬਿਆਨ ਨਹੀਂ ਕੀਤਾ। ਕੋਈ ਕਲਮਾ ਲੋੜ੍ਹ ਤੋਂ ਬਿਨਾ ਨਹੀਂ ਲਿਖਿੱਆ। ਕੋਈ ਗਲੱ੍ਹ ਨਹੀਂ ਜਿਹੜ੍ਹੀ ਬੇਮੌਕੇ ਬਿਆਨ ਕੀਤੀ ਗਈ ਹੋਵੇ। ਕੋਈ ਸ਼ਬਦ ਵਿਅਰਥ ਨਹੀਂ ਵਰਤੀਆ ਗਿਆ। ਗੁਣਾਂ ਨੂੰ ਇਸ ਕਮਾਲ ਤਕੱ ਪਹੁੰਚਾਇਆ ਹੈ ਕਿ ਉਸ ਦਾ ਗਿਆਨ ਪਹਿਲਾਂ ਆਉਣ ਵਾਲਿਆਂ ਅਤੇ ਬਾਦ ਵਿਚੱ ਆਉਣ ਵਾਲਿਆ ਤਕੱ ਲਈ ਭਰ ਦਿੱਤਾ। ਉਸ ਦੀ ਸਿਖਿੱਆ ਅਜਿਹੀ ਹੈ। ਜਿਸ ਦੀ ਵਿਆਖਿਆ ਹਰ ਜ਼ਮਾਨੇ ਦੇ ਹਿਸਾਬ ਨਾਲ ਇਲਮ ਦਿੰਦੀ ਹੈ। ਕੀ ਕਦੇ ਕਿਸੇ ਨੇ ਅਜਿਹੀ ਕਿਤਾਬ ਵੇਖੀ ਹੈ। ਜੋ ਥੋੜ੍ਹੇ ਜਿਹੇ ਸ਼ਬਦਾਂ ਵਿਚੱ ਇਲਮ ਦੇ ਦਰਯਾ ਵਹਾਉਂਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਰ ਧਰਮ ਨੂੰ ਚੈਲੰਜ ਦਿੱਤਾ ਕਿ ਆਓ ਇਸ ਦੀ ਖ਼ੂਬੀਆਂ ਮੈਂ ਤੁਹਾਨੂੰ ਵਿਖਾਵਾ ਅਤੇ ਅਜੱ ਤਕੱ ਕਿਸੇ ਨੇ ਇਸ ਚੈਲੰਜ ਦਾ ਜਵਾਬ ਨਹੀਂ ਦਿੱਤਾ। ਇਸ ਦੇ ਬਾਦ ਵੀ ਸਾਡੇ ਅਹਮਦੀਆਂ ਉੱਤੇ ਦੋਸ਼ ਲਾਉਂਦੇ ਹਨ। ਫ਼ਰਮਾਇਆ ਕਿ ਸਾਡੇ ਨਜ਼ਦੀਕ ਮੋਮਿਨ ਉਹੀ ਹੈ। ਜੋ ਕੁਰਆਨੇ ਕਰੀਮ ਦੀ ਸੰਪੂਰਨ ਪੈਰਵੀ ਕਰੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮੁਕਤੀ ਲਈ ਰਬੱ ਨੇ ਬਾਰ ਬਾਰ ਬਿਆਨ ਫ਼ਰਮਾਇਆ ਹੈ ਕਿ ਪਹਿਲਾਂ ਰਬੱ ਨੂੰ ਇਕੱ ਸਮਝੇ, ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਸੱਚਾ ਨਬੀ ਯਕੀਨ ਕਰੋ। ਕੁਰਆਨੇ ਕਰੀਮ ਨੂੰ ਰੱਬੀ ਕਿਤਾਬ ਸਮਝੋ। ਫ਼ਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੁਰਆਨੀ ਵਹੀ ਦੀ ਸ਼ਾਨ ਸੰਬੰਧੀ ਫ਼ਰਮਾਇਆ ਕਿ ਸੁਣੋ! ਰਬੱ ਦੀ ਲਾਨ੍ਹਤ ਉਨਾਂ ਉੱਤੇ ਜੋ ਦਾਅਵਾ ਕਰਨ ਕਿ ਉਹ ਕੁਰਆਨ ਦੀ ਮਿਸਾਲ ਲਿਆ ਸਕਦੇ ਹਨ। ਕੁਰਆਨੇ ਕਰੀਮ ਚਮਤਕਾਰ ਹੈ। ਜਿਸ ਦੀ ਮਿਸਾਲ ਮਨੁੱਖਾਂ ਅਤੇ ਜਿੰਨਾਂ ਵਿਚੋਂ ਕੋਈ ਨਹੀਂ ਲਿਆ ਸਕਦਾ ਅਤੇ ਇਸ ਵਿਚੱ ਉਹ ਗੁਣ ਅਤੇ ਖ਼ੂਬੀਆਂ ਜਮ੍ਹਾ ਹਨ। ਜਿਨ੍ਹਾਂ ਨੂੰ ਮਨੁੱਖੀ ਇਲਮ ਜਮਾਂ ਨਹੀ ਕਰ ਸਕਦਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ : ਜੇਕਰ ਮੇਰੇ ਨਾਲ ਕੋਈ ਨਿਸ਼ਾਨ ,ਮਦਦ ਸ਼ਾਮਿਲ ਨ ਹੁੰਦੀ। ਜੇਕਰ ਮੈਂ ਕੁਰਆਨੇ ਕਰੀਮ ਤੋਂ ਵਖੱ ਰਾਹ ਕਢੱਦਾ ਜਾਂ ਕੋਈ ਗਲੱ੍ਹ ਵਧੱ ਘਟੱ ਕਰਦਾ ਜਾਂ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਤੋਂ ਵਖੱ ਰਾਹ ਕਢੱਦਾ ਤਾਂ ਲੋਕਾਂ ਦਾ ਬਹਾਨਾ ਠੀਕ ਵੀ ਹੁੰਦਾ ਕਿ ਇਹ ਬੰਦਾ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦਾ ਦੁਸ਼ਮਨ ਅਤੇ ਕੁਰਆਨ ਦਾ ਦੁਸ਼ਮਨ ਹੈ। ਹੁਣ ਮੈਂ ਨ ਕੁਰਆਨ ਵਿਚੱ ਤਬਦੀਲੀ ਕੀਤੀ ਅਤੇ ਨ ਪਹਿਲੀ ਸ਼ਰੀਅਤ ਦਾ ਕੋਈ ਸ਼ੋਸ਼ਾ ਬਦਲਿਆ। ਸਗੋਂ ਕੁਰਆਨ ਅਤੇ ਕੁਰਆਨੀ ਹੁਕਮਾਂ ਦੀ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਪਾਕ ਧਰਮ ਦੀ ਸੇਵਾ ਲਈ ਤਿਆਰ ਹਾਂ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਦਾਅਵਾ ਹੈ। ਜਿਸ ਉੱਤੇ ਅਸੀਂ ਯਕੀਨ ਰਖੱਦੇ ਹਾਂ ਕਿ ਆਪ ਅਲੈਹਿ ਸਲਾਮ ਰਾਹੀਂ ਹੀ ਕੁਰਆਨੇ ਕਰੀਮ ਦਾ ਗਿਆਨ ਸਾਡੇ ਤਕੱ ਪਹੁੰਚਿਆ ਹੈ ਅਤੇ ਆਪ ਅਲੈਹਿ ਸਲਾਮ ਨੇ ਸਾਨੂੰ ਹਕੀਕੀ ਗਿਆਨ ਬਖ਼ਸ਼ੇ ਹਨ। ਇਨ੍ਹਾਂ ਲੋਕਾਂ ਨੂੰ ਫ਼ਿਕਰ

ਕਰਨੀ ਚਾਹੀਦੀ ਹੈ ਕਿ ਜਮਾਅਤ ਉੱਤੇ ਆਰੋਪ ਲਾਉਂਦੇ ਹਨ। ਇਹ ਲੋਕ ਜੋ ਬਾਜ਼ ਨਹੀਂ ਆ ਰਹੇ। ਰਬੱ ਉਨਾਂ ਨੂੰ ਬਿਨਾਂ ਸਜ਼ਾ ਨਹੀਂ ਛੱਡੇਗਾ।

ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆ ਲਿਖੱਤਾਂ ਤੋਂ ਕੁਰਆਨੇ ਕਰੀਮ ਦੇ ਇੰਨਸਾਫ਼ ਕਾਯਮ ਕਰਨ ਸੰਬੰਧੀ ਹੁਕਮ ਉੱਤੇ ਰੌਸ਼ਨੀ ਪਾਈ ਅਤੇ ਫ਼ਰਮਾਇਆ ਕਿ ਇਹ ਕਾਨੂੰਨ ਸੰਸਾਰ ਦੇ ਅਮਨ ਦੀ ਜ਼ਮਾਨਤ ਹਨ। ਸੰਸਾਰਿਕ ਜੰਗਾਂ ਵਿਚੱ ਗ੍ਰਸਤ ਕੌਮਾਂ ਇਸ ਕਾਨੂੰਨ ਨੂੰ ਸਮਝ ਲੈਣ ਤਾਂ ਅਮਨ ਕਾਯਮ ਹੋ ਸਕਦਾ ਹੈ। ਜੇਕਰ ਇੰਨਸਾਫ਼ ਕਾਯਮ ਨਹੀਂ ਕਰਣਗੇ ਤਾਂ ਤਬਾਹੀ ਯਕੀਨੀ ਹੈ।

ਕੁਰਆਨ ਦੀ ਸੰਪੂਰਨ ਸਿਖਿੱਆ ਦਾ ਐਲਾਨ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਐਲਾਨ ਫ਼ਰਮਾਇਆ ਕਿ ਜੇਕਰ ਕੋਈ ਕੁਰਆਨ ਦੇ ਮੁਕਾਬਲੇ ਉੱਤੇ ਕੋਈ ਸੱਚਾਈ ਜੋ ਉਸ ਵਿਚੱ ਮੌਜੂਦ ਨ ਹੋਵੇ ਉਹ ਵਿਖਾਵੇ ਜਾਂ ਕੋਈ ਸੱਚਾਈ ਜੋ ਕਿਸੇ ਹੋਰ ਕਿਤਾਬ ਵਿਚੱ ਉਸ ਤੋਂ ਚੰਗੀ ਬਿਆਨ ਹੋਵੇ ਸਾਨੂੰ ਵਿਖਾ ਦੇਵੇ ਤਾਂ ਅਸੀਂ ਮੌਤ ਦੀ ਸਜ਼ਾ ਕਬੂਲ ਕਰਨ ਲਈ ਤਿਆਰ ਹਾਂ।

ਅਜੱ ਕੁਰਆਨ ਹੀ ਸੰਸਾਰ ਵਿਚੱ ਇਕੱ ਰਬੱ ਦਾ ਕਲਾਮ ਹੈ। ਜਿਸ ਵਿਚੱ ਤੌਹੀਦ ਅਤੇ ਰੱਬੀ ਮਾਣ ਅਤੇ ਇਕੱ ਈਸ਼ਵਰਵਾਦ ਸੰਪੂਰਨ ਤੌਰ'ਤੇ ਮੌਜੂਦ ਹੈ ਅਤੇ ਕੁਰਆਨ ਰਬੱ ਉੱਤੇ ਕੋਈ ਦੋਸ਼ ਨਹੀਂ ਲਾਉਂਦਾ ਅਤੇ ਜ਼ਬਰਦਸਤੀ ਕੋਈ ਸਿਖਿੱਆ ਨਹੀ ਮੰਵਾਉਂਦਾ ਅਤੇ ਲੋਕਾਂ ਦੀਆ ਗੱਲ੍ਹਾਂ ਅਤੇ ਕਰਮਾਂ ਵਿਚੱ ਜੋ ਖ਼ਰਾਬੀਆਂ ਹਨ। ਉਨ੍ਹਾਂ ਨੂੰ ਠੀਕ ਕਰਦਾ ਹੈ ਅਤੇ ਹਰ ਫ਼ਸਾਦ ਦਾ ਮੁਕਾਬਲਾ ਇੰਝ ਹੀ ਕਰਦਾ ਹੈ। ਜਿਵੇਂ ਉਹ ਫ਼ੈਲਾ ਹੁੰਦਾ ਹੈ।

ਹਜ਼ੂਰੇ ਅਨਵਰ ਨੇ ਦੁਆ ਕੀਤੀ ਕਿ ਰਬੱ ਸਾਨੂੰ ਕੁਰਆਨ ਨੂੰ ਸਹੀ ਤੌਰ'ਤੇ ਪੜਣ, ਸਮਝਣ ਅਤੇ ਆਪਣੀ ਅਮਲੀ ਜ਼ਿੰਦਗੀਆਂ ਵਿਚੱ ਲਾਗੁ ਕਰਨ ਦੀ ਤੌਫ਼ੀਕ ਬਖ਼ਸ਼ੇ ਅਤੇ ਰਮਜ਼ਾਨ ਦੇ ਬਾਦ ਵੀ ਅਸੀਂ ਕੁਰਆਨ ਤੋਂ ਇੰਝ ਹੀ ਲਾਭ ਚੁਕੱਣ ਵਾਲੇ ਹੋਣ ਜਿਵੇਂ ਅਸੀਂ ਰਮਜ਼ਾਨ ਵਿਚ ਪ੍ਰਾਪਤ ਕਰਦੇ ਹਨ।

ਖ਼ੁਤਬੇ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ ਰਮਜ਼ਾਨ ਵਿਚੱ ਦੁਆਵਾਂ ਵਲੱ੍ਹ ਧਿਆਨ ਖਿਚੱਦੇ ਹੋਏ ਫ਼ਰਮਾਇਆ ਕਿ ਜਮਾਅਤ ਦੇ ਦੁਸ਼ਮਨਾਂ ਦੀ ਸ਼ਰਾਰਤਾਂ ਤੋਂ ਬਚਾਉਣ ਲਈ ਖ਼ਾਸ ਤੌਰ'ਤੇ ਦੁਆਵਾ ਕਰੋ। ਰਬੱ ਹਰ ਸ਼ਰਾਰਤੀ ਦੇ ਹਥੱ ਨੂੰ ਰੋਕੇ ਅਤੇ ਉਨ੍ਹਾਂ ਦੀ ਪਕੜ੍ਹ ਦੇ ਸਮਾਨ ਫ਼ਰਮਾਏ। ਸੰਸਾਰ ਦੀ ਆਮ ਹਾਲਤ ਅਤੇ ਫ਼ਲਸਤੀਨ ਦੇ ਮੁਸਲਮਾਨਾਂ ਲਈ ਵੀ ਖ਼ਾਸ ਦੁਆਵਾਂ ਦੀ ਤਹਰੀਕ ਕੀਤੀ ਕਿ ਰਬੱ ਉਨਾਂ ਨੂੰ ਜ਼ਾਲਮਾਂ ਦੇ ਜ਼ੁਲਮ ਤੋਂ ਬਚਾਵੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہ
اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ
یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔